


ਅਕਤੂਬਰ 2011 ਜਿਲਦ 1, ਇਸ਼ੂ 4

# Black Creek ( ਬਲੈਕ ਕਰੀਕ )
# ਨਵ-ਆਇਆਂ ਲਈ ਖ਼ਬਰਨਾਮਾ

The Black Creek ('ਬਲੈਕ ਕਰੀਕ ) ਨਵ-ਆਇਆਂ ਦਾ ਖ਼ਬਰਨਾਮਾ' 'ਬਲੈਕ ਕਰੀਕ ਸਥਾਨਕ ਇੰਮੀਗਰੇਸ਼ਨ ਭਾਈਵਾਲੀ' (LIP ਲਿਪ) ਪ੍ਰੋਜੈਕਟ ਵੱਲੋਂ ਪ੍ਰਕਾਸ਼ਤ ਕੀਤਾ ਜਾਂਦਾ ਹੈ। ਲਿਪ ਸੋਸ਼ਲ ਸਰਿਵਸ ਏਜੰਸੀਆਂ, ਬਲੈਕ ਕਰੀਕ ਦੇ ਵਸਨੀਕਾਂ, ਅਤੇ ਹੋਰ ਸੰਸਥਾਵਾਂ ਦਾ ਸਮੂਹ ਹੈ ਜਿਹੜੀਆਂ ਬਲੈਕ ਕਰੀਕ ਏਰੀਏ ਵਿੱਚ ਰਹਿਣ ਵਾਲੇ ਨਵ-ਆਇਆਂ ਦੇ ਵਸੇਬੇ ਦੇ ਤਜਰਬਿਆਂ ਨੂੰ ਸੁਧਾਰਨ ਲਈ ਇਕੱਤਰ ਹੋਏ ਹਨ।

## LIP Member Agencies

* Centre for Spanish Speaking Peoples
* City of Toronto
* COSTI Immigrant Services
* Delta Family Resource Centre—Trustee
* Doorsteps Neighbourhood Services
* Elspeth Heyworth Centre for Women
* Humber College
* Jamaican Canadian Association
* Jane/Finch Community and Family Centre
* Jewish Vocational Services Toronto
* Manantial Neighbourhood Services
* North York Community House
* Newcomer Representatives
* Northwood Neighbourhood Services
* Seneca College
* Toronto Public Health
* The Bowen Foundation
* Working Women Community Centre
* YMCA of Greater Toronto
* York University


**Contact Us!**

Amita Singh,
Project Engagement Worker
amita@dfrc.ca
416 747 1172 ext 72

Iris Appiah,
Newcomer Representative
416 909 4205
iris.appiah@gmail.com

Nabil Sada
Newcomer Representative
bakirnabil@yahoo.com


Funded by: Financé par :
Citizenship and Immigration Canada Citoyenneté et Immigration Canada

## ਬਲੈਕ ਕਰੀਕ ਵਿੱਚ ਮੁਫ਼ਤ ਯੂਥ ਪ੍ਰੋਗਰੈਮਿੰਗ ਅਤੇ ਟਿਊਟਰਿੰਗ

**ਮਨੈਂਸ਼ਲ ਨੇਬਰਹੁਡ ਸਰਵਿਸਜ਼** 13 ਤੋਂ 18 ਸਾਲ ਦੀ ਉਮਰ ਦੇ ਜਵਾਨਾਂ ਲਈ ਪੇਸ਼ ਕਰਦੇ ਨੇ ਮਨੋਰੰਜਕ ਸਰਗਰਮੀਆਂ ਰਾਹੀਂ ਵਿੱਦਿਅਕ ਤੇ ਕੌਂਸਲਿੰਗ। ਹਰ ਵੀਰਵਾਰ ਸ਼ਾਮੀ 5:45—7:45 1875 ਸ਼ੈਪਰਡ ਐਵੀਨਿਊ ਵੈਸਟ; ਫੋਨ ਕਰੋ: 416 915 0997

**ਫ਼ਰੈਂਡਜ਼ ਇਨ ਟਰਬਲ** (FIT) ਪੇਸ਼ ਕਰਦਾ ਹੈ ਜਵਾਨਾਂ ਲਈ ਵਿੱਦਿਅਕ ਪ੍ਰੋਗਰੈਮਿੰਗ: ਲੜਕੀਆਂ ਲਈ ਅਕਾਦਮਿਕ ਪ੍ਰੋਗਰਾਮ, ਵਿੱਦਿਆ ਵਿੱਚ ਆਫ਼ਟਰ-ਸਕੂਲ ਅਸੈਂਸ਼ਲਜ਼ ਅਤੇ ਮਾਪੇ (After-school Essentials and Parents in Education) ਪਾਮੇਲਾ ਨੂੰ ਕਾਲ ਕਰੋ: 416 635 0348 ਜਾਂ ਬਾਅਦ ਦੇ ਟਾਈਮ 416 887 4664

**'ਯੂਥ ਅਸਿਸਟਿੰਗ ਯੂਥ ਐਟ ਬਲੈਕਸਮਿਥ ਪਬਲਿਕ ਸਕੂਲ'** ਪੇਸ਼ ਕਰਦਾ ਹੈ ਜੇ. ਕੇ. ਤੋਂ ਗਰੇਡ 8 ਲਈ ਇੱਕ-ਨਾਲ਼-ਇੱਕ ਟਿਊਟਰਿੰਗ, ਗਰੁਪ ਟਿਊਟਰਿੰਗ, ਰੀਡਿੰਗ 'ਚ ਮਦਦ, ਹੋਮਵਰਕ ਕਲਬ। ਸੰਦੀਪ ਸਿੰਘ ਨੂੰ ਕਾਲ ਕਰੋ: 416 932 1919 ਪਾਰਕਸ ਐਂਡ ਰੈਕਰੀਏਸ਼ਨ ਪੇਸ਼ ਕਰਦਾ ਹੈ ਯੂਥ ਪ੍ਰੋਗਰੈਮਿੰਗ http://www.toronto.ca/parks/engagement/youthleadership.htm

**ਟਰਾਂਟੋ ਪਬਲਿਕ ਲਾਇਬਰੇਰੀਆਂ**
ਡਾਊਨਜ਼ਵਿਊ, ਹੰਬਰ ਸੱਮਿਟ, ਜੇਨ ਸ਼ੈਪਰਡ ਅਤੇ ਯੋਰਕਵੁਡਜ਼ ਦੀਆਂ ਲੋਕੇਸ਼ਨਾਂ ਪੇਸ਼ ਕਰਦੀਆਂ ਨੇ 'ਲੀਡਿੰਗ ਟੂ ਰੀਡਿੰਗ"। 1-6 ਗਰੇਡ ਦੇ ਬੱਚੇ ਰੀਡਿੰਗ ਅਤੇ ਹੋਮਵਰਕ ਵਿੱਚ ਮਦਦ ਲੈ ਸਕਣਗੇ। ਰਜਿਸਟਰੇਸ਼ਨ ਜ਼ਰੂਰੀ। ਹੇਠਲੇ ਸਾਈਟ ਨੂੰ ਵਿਜ਼ਿਟ ਕਰੋ: *www.torontopubliclibrary.ca*
*ਜਾਂ ਕਾਲ ਕਰੋ 416 393 7131*

**ਦ ਸਪਾਟ** (the Spot) ਯੋਰਕਡੇਲ ਮਾਲ 13 ਤੋਂ 30 ਸਾਲ ਦੇ ਲੋਕਾਂ ਦੀ ਸੈਟਲਮੈਂਲ ਲਈ ਮੁਫ਼ਤ ਵਿਚ ਪੇਸ਼ ਕਰਦਾ ਹੈ 'ਬ੍ਰਦਰਜ਼ ਵੀ ਵਿਲ ਬੀਕਮ' (ਬੱਚਿਆਂ ਦਾ ਗਰੁਪ), 'ਇਟ ਇਜ਼ ਅ ਜੀ-ਥੈਂਗ' (ਲੜਕੀਆਂ ਦਾ ਗਰੁਪ), ਅਤੇ 'ਦ ਗਰਫੀਟੀ ਟ੍ਰਾਂਸਫ਼ਰਮੇਸ਼ਨ ਪ੍ਰੋਗਰਾਮ'। 'ਦ ਸਪਾਟ' ਜਵਾਨਾਂ ਲਈ ਸੁਰੱਖਿਅਤ ਜਗ੍ਹਾ ਹੈ। ਕਾਲ ਕਰੋ 416 663 2733 ਐਕਸਟੈਂਸ਼ਨ 290

**'ਨੋਰਥਵੁਡ ਨੇਬਰਹੁਡ ਸਰਵਿਸਜ਼'** ਪੇਸ਼ ਕਰਦਾ ਹੈ ਯੂਥ ਪ੍ਰੋਗਰਾਮ ਜਿਸ ਵਿਚ ਸ਼ਾਮਲ ਹਨ ਮਨੋਰੰਜਨ, ਸੰਗੀਤ ਪ੍ਰੋਗਰਾਮ, ਅਤੇ ਲਾਈਫ਼ ਸਕਿਲਜ਼ ਪ੍ਰੋਗਰਾਮ ਵਰਕਸ਼ਾਪਾਂ। **ਅਕਤੂਬਰ** 12, ਨੂੰ ਸ਼ਾਮੀ 4-5 'ਤੇ ਹੋਵੇਗਾ 'ਯੂ ਸਪੀਕ, ਵੀ ਲਿਸਨ' (ਤੁਸੀਂ ਬੋਲੋ, ਅਸੀਂ ਸੁਣਦੇ ਹਾਂ) ਜਿਸ ਵਿਚ ਨੌਜਵਾਨ ਆਪਣੇ ਨਜ਼ਰੀਆ ਅਤੇ ਵਿਚਾਰ ਦੇ ਸਕਣਗੇ। ਸੰਪਰਕ ਕਰੋ: ahassan@northw.ca

**ਨੋਰਥ ਯੋਰਕ ਕਮਿਊਨਿਟੀ** ਹਾਊਸ ਪੇਸ਼ ਕਰਦਾ ਹੈ 6-12 ਸਾਲ ਦੇ ਬੱਚਿਆਂ ਲਈ ਹੋਮਵਰਕ ਕਲਬ ਅਤੇ ਮੋਬਾਇਲ (ਚਲਦੀ-ਫਰਦੀ) ਯੂਥ ਸੈਟਲਮੈਂਟ ਜਿਹੜੀਆਂ ਕਿ ਹੋਮਵਰਕ ਕਲਬ, ਮੂਵੀ ਨਾਈਟਾਂ, ਗੱਲਬਾਤ ਦੇ ਘੇਰੇ, ਅਤੇ ਗੇਮਾਂ ਦੀਆਂ ਸ਼ਾਮਾਂ ਰਾਹੀਂ ਪੇਸ਼ ਕਰਦੀਆਂ ਨੇ ਹਾਣੀਆਂ ਲਈ ਸੈਟਲਮੈਂਟ ਦੀ ਮਦਦ। ਸੰਪਰਕ ਕਰੋ; *dlucas@nych.ca*

**'ਡੋਰਸਟੈਪਸ ਨੇਅਬਰਹੁਡ ਸਰਵਿਸਜ਼'** ਪੇਸ਼ ਕਰਦੇ ਨੇ ਤਿੰਨ 'ਆਫ਼ਟਰ-ਸਕੂਲ ਪ੍ਰੋਗਰਾਮ': ਡੇਸਟਰਾਮ ਪਬਲਿਕ ਸਕੂਲ, ਏਮਜ਼ਬੈਰੀ ਪਬਲਿਕ ਸਕੂਲ, ਅਤੇ 48 ਟੰਪੇਨ ਸਟਰੀਟ 'ਤੇ। ਤਿੰਨਾਂ ਹੀ ਪ੍ਰੋਗਰਾਮਾਂ 'ਚ ਹੋਮਵਰਕ ਹੈਲਪ, ਪੌਸ਼ਟਕ ਸਨੈਕ, ਅਤੇ ਜਿਸਮਾਨੀ ਕਸਰਤ ਸ਼ਾਮਲ ਹੈ। ਕਾਲ ਕਰੋ: *416 243 5480 x 28 or aali@doorsteps.ca*

**ਸੇਵਾਵਾਂ ਦੀ ਤਲਾਸ਼ 'ਚ ਹੋ?**
ਬਲੈਕ ਕਰੀਕ ਦੀਆਂ ਸੇਵਾਵਾਂ ਦੀ ਲਿਸਟ ਲਈ ਕਾਲ ਕਰੋ: 211 ਜਾਂ www.blackcreekcapacity.ca/BCConnect 'ਤੇ ਜਾਓ।
ਜਾਂ 311 ਘੁੰਮਾਓ ਸਿਟੀ ਪ੍ਰੋਗਰਾਮ (ਗਾਰਬਿਜ ਕੁਲੈਕਸ਼ਨ, ਡੇਅਕੇਅਰ ਆਦਿਕ ਲਈ)

## ਬਲੈਕ ਕਰੀਕ ਵਿੱਚ ਅੰਗਰੇਜ਼ੀ ਕਲਾਸਾਂ ਅਤੇ ਸੇਵਾਵਾਂ ਲਈ

**'ਦ ਬਰਾਊਨ ਫਾਊਂਡੇਸ਼ਨ'**
ਈ ਐਸ ਐਲ ਦੀਆਂ ਕਲਾਸਾਂ ਕਾਰਮਾਈਨ ਸਟੀਫਨੋ ਕਮਿਊਨਿਟੀ ਸੈਂਟਰ (3100) ਵੈਸਟਨ ਰੋਡ ਤੋਂ ਦਿੱਤੀਆਂ ਜਾਂਦੀਆਂ ਨੇ। ਕਲਾਸਾਂ ਸੋਮਵਾਰ-ਸ਼ੁਕਰਵਾਰ; ਸਵੇਰੇ 9:00 ਤੋਂ ਬਾਅਦ ਦੁਪਹਿਰ 2:30 ਕਾਲ ਕਰੋ: 416 401 8999

**ਸੈਨਕਾ ਕਾਲਜ**
18-25 ਸਾਲ ਦਿਆਂ ਲਈ ਪੇਸ਼ ਕਰਦਾ ਹੈ ਕੈਨੇਡਾ 'ਚ ਨਵੇਂ ਆਇਆਂ ਲਈ ਭਾਸ਼ਾ ਦੀਆਂ ਕਲਾਸਾਂ, (LINC ) ਲੈਵਲ 3-7, ਸੁਬਾ 9:00- ਬਾਅਦ-ਦੁਪਿਹਰ 2:30PM, ਸੋਮ ਤੋਂ ਸ਼ੁਕਰਵਾਰ ਕਾਲ ਕਰੋ: *416 491 5050 x 4789*

**'ਕੋਸਟੀ (COSTI) ਇੰਮੀਗਰੇਸ਼ਨ ਸਰਵਿਸਜ਼'**
ਪੇਸ਼ ਕਰਦਾ ਹੈ ਕੈਨੇਡਾ 'ਚ ਨਵੇਂ ਆਇਆਂ ਲਈ ਭਾਸ਼ਾ ਦੀਆਂ ਕਲਾਸਾਂ, (LINC ) ਲੈਵਲ 1-4, ਸੁਬਾ 9:00- ਬਾਅਦ-ਦੁਪਿਹਰ 2:30, ਸੋਮ ਤੋਂ ਸ਼ੁਕਰਵਾਰ। 18 ਮਹਨੀਆਂ ਤੋਂ 5 ਸਾਲ ਦੇ ਬੱਚਿਆਂ ਲਈ ਬੇਬੀਸਿਟਿੰਗ ਦਿੱਤੀ ਜਾਂਦੀ ਹੈ ਸਵੇਰੇ 9 ਤੋਂ 12 ਵਜੇ ਤੀਕਰ। ਕਾਲ ਕਰੋ: *416 244 9980 or Arnone@costi.org*

**ਐਮਰੀ ਕੋਲਿਜੇਟ ਇਨਸਟੀਟਿਊਟ**
ਵੱਡਿਆਂ ਲਈ ਈ ਐਸ ਐਲ ਕਲਾਸਾਂ ਮੰਗਲਵਾਰ ਤੋਂ ਵੀਰਵਾਰ ਤੀਕ, ਸ਼ਾਮੀਂ 6:45 ਤੋਂ 8:45 ਤੀਕਰ
ਕਾਲ ਕਰੋ: *416 338 4300*

## ਕੈਨੇਡਾ ਵਿੱਚ ਥੈਂਕਸਗਿਵਿੰਗ

ਥੈਂਕਸਗਿਵਿੰਗ ਅਕਤੂਬਰ ਦੇ ਪਹਿਲੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ, ਅਤੇ ਇਸ ਦਾ ਮਨੋਰਥ ਹੁੰਦਾ ਸੀ ਚੰਗੀ ਫ਼ਸਲ ਹੋਣ ਲਈ ਧੰਨਵਾਦ ਕਰਨਾ। ਕਨੇਡੀਅਨ ਲੋਕ ਪਰਿਵਾਰ ਨਾਲ਼ ਵਕਤ ਗੁਜ਼ਾਰ ਕੇ, ਵੱਡਾ ਪਰਿਵਾਰਕ ਖਾਣਾ ਬਣਾ ਕੇ, ਜਾਂ ਕੰਮ ਤੋਂ ਇੱਕ ਦਿਨ ਦੀ ਛੁੱਟੀ ਲੈ ਕੇ ਇਹ ਦਿਨ ਮਨਾਉਂਦੇ ਹਨ।

